ਸਰਕਾਰੀ ਸੁਣਵਾਈ ਦੀ ਕਾਰਵਾਈ ਜਿਹੜੀ 30.6.2017 ਨੂੰ 11:00 ਸਵੇਰੇ ਰੈਮਕੀ ਐਨਵਾਇਰੋ ਇੰਜਨੀਅਰਜ ਲਿਮਿਟਡ(ਯੂਨਿਟ: ਪੰਜਾਬ ਵੇਸਟ ਮਨੈਜਮੈਂਟ ਪ੍ਰੋਜੈਕਟ) ਦੇ ਮੌਜੂਦਾ ਟੀ ਐਸ ਡੀ ਐਫ ਦੇ ਮੇਨ ਗੇਟ ਤੇ ਕੀਤੀ ਗਈ ਜਿਹੜਾ ਕਿ ਸਾਹਮਣੇ ਮੈਸਰਜ ਵਰਧਮਾਨ ਕੈਮਟੈਕ ਲਿਮਿਟਡ, ਪਿੰਡ ਨਿੰਬੂਆਂ, ਡਾਕਘਰ ਰਾਮਪੁਰ ਸੈਣੀਆਂ, ਤਹਿਸੀਲ ਡੇਰਾ ਬੱਸੀ, ਜਿਲ੍ਹਾ ਮੋਹਾਲੀ(ਐਸ.ਏ.ਐਸ.ਨਗਰ) ਵਿੱਚ ਵਾਕਿਆ ਹੈ ਜਿਹੜੀ ਈ ਆਈ ਏ ਨੋਟਿਫੀਕੇਸ਼ਨ ਮਿਤੀ 14/9/2006 ਹੇਠ ਦੇ ਹੇਠ ਵਾਤਾਵਰਣ ਕਲੀਯਰੈਂਸ ਲੈਣ ਲਈ ਦਾਯਰ ਕੀਤੀ ਦਰਖਾਸਤ ਦੇ ਸਬੰਧ ਵਿੱਚ ਕੀਤੀ ਗਈ ਜਿਹੜੀ ਦਰਖਾਸਤ ਪਿੰਡ ਨਿੰਬੂਆ, ਤਹਿਸੀਲ ਡੇਰਾ ਬੱਸੀ, ਜਿਲ੍ਹਾ ਐਸ ਏ ਐਸ ਨਗਰ ਦੀ ਮਾਲ ਅਸਟੇਟ ਵਿੱਚ ਵਾਕਿਆ ਮੌਜੂਦਾ ਸਾਂਝੇ ਟ੍ਰੀਟਮੈਂਟ ਸਟੋਰੇਜ਼ ਅਤੇ ਡਿਸਪੋਜਲ ਸਹੂਲੀਅਤ ਦੇ ਪ੍ਰਸਾਰ ਕਰਨ ਲਈ ਦਿੱਤੀ ਗਈ ਹੈ ।

ਹੇਠ ਲਿਖੇ ਵਿਅਕਤੀ ਕਾਰਵਾਈਆਂ ਦੀ ਨਿਗਰਾਨੀ ਕਰਨ ਲਈ ਹਾਜਰ ਸਨ :-

1. ਸ਼੍ਰੀ ਚਰਨਦੇਵ ਸਿੰਘ ਮਾਨ
ਪੀ. ਸੀ.ਐਸ.
ਅਡੀਸ਼ਨਲ ਡਿਪਟੀ ਕਮੀਸ਼ਨਰ ,
ਡਿਪਟੀ ਕਮੀਸ਼ਨਰ ਦੇ ਵਲੋਂ,
ਐਸ.ਏ.ਐਸ.ਨਗਰ (ਮੋਹਾਲੀ)
2. ਇੰਜਨੀਅਰ ਐਸ.ਐਸ.ਮਠਾੜੂ,
ਰੀਜਨਲ ਦਫਤਰ, ਪੰਜਾਬ ਪ੍ਰਦੂਸ਼ਨ ਕੰਟ੍ਰੋਲ ਬੋਰਡ,
ਐਸ.ਏ.ਐਸ.ਨਗਰ(ਮੋਹਾਲੀ)

ਸ਼੍ਰੀ ਐਸ.ਐਸ.ਮਠਾੜੂ, ਇਨਵਾਰਿਨਮੈਂਟਲ ਇੰਜਨੀਅਰ, ਪੀ ਪੀ ਸੀ ਬੀ ਨੇ ਨਿਗਰਾਨ-ਕੰਮ-ਪ੍ਰਧਾਨਗੀ ਅਹੁਦੇਕਾਰ ਅਤੇ ਨਜਦੀਕ ਦੇ ਪਿੰਡਾ ਤੋਂ ਮੌਜੂਦਾ ਸਾਂਝੇ ਟੀ ਐਸ ਡੀ ਐਫ ਦੀ ਪ੍ਰਸਾਰ ਯੋਜਨਾ ਨੂੰ ਲੋਕ ਸੁਣਵਾਈ ਨੂੰ ਸੁਣਨ ਲਈ ਹਾਜਰ ਆਏ ਸੀ ਦਾ ਧੰਨਵਾਦ ਕੀਤਾ ਜਿਹੜਾ ਪ੍ਰਸਾਰ ਮੌਜੂਦਾ ਸਿਧੀ ਲੈਂਡਫਿਲ(ਡੀ ਐਲ ਐਫ) ਅਤੇ ਲੈਂਡਫਿਲ ਬਾਅਦ ਸਥਿਰਤਾ ਟ੍ਰੀਟਮੈਂਟ (ਐਲ ਏ ਟੀ) ਨੂ 20,000 ਟੀ ਪੀ ਏ ਤੋਂ ਵਧਾ ਕੇ 40,000 ਟੀ ਪੀ ਏ ਕ੍ਰਮਵਾਰ ਕਰਨਾ ਹੈ, ਜਿਸ ਦੇ ਨਾਲ ਹੀ ਖਤਰਨਾਕ ਵੇਸਟ ਇਨਸਿਨੇਟਰ ਸਮਰੱਥਾ - 500 ਕਿਲੋਗ੍ਰਾਮ/ਘੰਟਾ, ਬਾਇਓ-ਮੈਡੀਕਲ ਵੇਸਟ ਮੈਨੇਜਮੈਂਟ ਸਹੂਲਤਾ ਸਮਰਥਾ - 5 ਟੀ ਪੀ ਡੀ, ਬਦਲਵੀਂ ਇੰਧਨਾਂ ਅਤੇ ਕੱਚੇ ਮਾਲ ਸਹੂਲਤ ਸਮਰੱਥਾ - 18,000 ਟੀ ਪੀ ਏ, ਈ-ਵੇਸਟ ਮੈਨੇਜਮੈਂਟ ਸਹੂਲਤ ਸਮਰੱਥਾ-8,000 ਟੀ ਪੀ ਏ ਅਤੇ ਦੁਬਾਰ ਸਾਇਕਲ ਦੀਆਂ ਸਹੂਲਤਾਂ ਜਿਵੇਂ ਕਿ ਇਸਤੇਮਾਲ ਕੀਤੇ ਆਯਲ ਦੀ ਦੁਬਾਰਾ ਸਾਇਕਲਿੰਗ ਸਮਰੱਥਾ-2 ਕੇ ਐਲ ਡੀ, ਖਰਚੇ ਹੋਏ ਸਾਲਵੈਂਟ ਦਰ 5 ਕੇ ਐਲ ਡੀ, ਲੋਡ ਰੀਸਾਇਕਲਿੰਗ ਦਰ 2000 ਟੀ ਪੀ ਏ, ਪੇਪਰ ਰੀਸਾਇਕਲਿੰਗ ਦਰ 2 ਟੀ ਪੀ ਡੀ, ਅਤੇ ਪਲਾਸਟਿਕ ਰੀਸਾਇਕਲਿੰਗ ਦਰ 2 ਟੀ ਪੀ ਡੀ, ਲਾਉਣਾ ਅਤੇ ਇਸ ਨੂੰ ਇਕੱਠੇ ਕੀਤੇ ਸਾਂਝੇ ਖਤਰਨਾਕ ਵੇਸਟ ਟ੍ਰੀਟਮੈਂਟ ਸਟੋਰੇਜ਼ ਅਤੇ ਡਿਸਪੋਜਲ

ਸਹੂਲਤ ਨੂੰ ਮੌਜੂਦਾ ਪਲਾਂਟ ਜਗ੍ਹਾਵਾਂ ਵਾਕਿਆ ਪਿੰਡ ਨਿੰਬੂਆਂ, ਜਿਲ੍ਹਾ ਮੋਹਾਲੀ (ਐਸ.ਏ.ਐਸ.ਨਗਰ) , ਪੰਜਾਬ ਵਿੱਚ ਤਬਦੀਲ ਕਰਨਾ, ਨੂੰ ਵੀ ਲਾਇਆ ਜਾਵੇ। ਉਸ ਨੇ ਮੰਤਰਾਲੇ ਵਾਤਾਵਰਣ ਅਤੇ ਬਣ, ਭਾਰਤ ਸਰਕਾਰ, ਨਵੀਂ ਦਿੱਲੀ ਦੀ ਈ ਆਈ ਏ ਨੋਟੀਫੀਕੇਸ਼ਨ ਨੰਬਰ 1533 (ਈ) ਮਿਤੀ 14.9.2006 ਹੇਠ ਵਾਤਾਵਰਣ ਕਲੀਯਰੈਂਸ ਬਾਰੇ ਲੋਕਾਂ ਨੂੰ ਜਨ ਸੁਣਵਾਈ ਦੀ ਆਚਾਰ-ਸਹਿੰਤਾ ਦੀ ਲੋੜ ਬਾਰੇ ਲੋਕਾਂ ਨੂੰ ਜਾਣੂ ਕਰਾਇਆ । ਉਸ ਨੇ ਲੋਕਾਂ ਨੂੰ ਸਾਂਝੇ ਟੀ ਐਸ ਡੀ ਐਫ ਅਤੇ ਇਸ ਦੇ ਮੌਜੂਦਾ ਸਟੇਟਸ ਦੇ ਮਹੱਤਵ ਬਾਰੇ ਸਪਸ਼ਟ ਕੀਤਾ ਜਦੋਂ ਦਾ ਇਹ ਅਕਤੂਬਰ ਮਹੀਨੇ 2007 ਵਿੱਚ ਹੋਂਦ ਵਿੱਚ ਆਇਆ ਸੀ । ਉਸ ਨੇ ਟੀ ਐਸ ਡੀ ਐਫ ਦੇ ਮਹੱਤਵ ਦੇ ਮੱਦੇਨਜਰ ਇੱਕ ਇਨਸਿਨੇਰੇਟਰ(ਐਸ਼ ਰੱਖਣ ਵਾਲਾ) ਬਤੌਰ ਇੱਕ ਖਤਰਨਾਕ ਵੇਸਟ ਡਿਸਪੋਜਲ ਸਹੂਲਤ ਨੂੰ ਸਥਾਪਿਤ ਕਰਨ ਦੀ ਜਰੂਰਤ ਬਾਰੇ ਜ਼ੋਰ ਦਿੱਤਾ ਜਿਹੜਾ ਹੁਣ ਤੱਕ ਇਨਸਿਨੇਰੇਬਲ ਵੇਸਟ ਨੂੰ ਉੱਤਰ ਪ੍ਰਦੇਸ਼ ਭੇਜ਼ ਰਿਹਾ ਸੀ ਜਿਹੜਾ ਕਿ ਲਾਗਤ ਪ੍ਰਭਾਵੀ ਹੱਲ ਨਹੀਂ ਸੀ । ਇਸ ਨੂੰ ਦਿਮਾਗ ਵਿੱਚ ਰਖਦੇ ਹੋਏ, ਪੰਜਾਬ ਪ੍ਰਦੂਸ਼ਨ ਕੰਟ੍ਰੋਲ ਬੋਰਡ ਨੇ ਮੈਸਰਜ ਰੈਮਕੀ ਐਨਵਾਇਰੋ ਇੰਜਨੀਅਰਜ ਲਿਮਿਟਡ ਨੂੰ ਇਸ ਨੂੰ ਮੌਜੂਦਾ ਸਹੂਲਤ ਵਿੱਚ ਸਥਾਪਿਤ ਕਰਨ ਦੀ ਸਲਾਹ ਦਿੱਤੀ । ਉਸ ਨੇ ਆਮ ਜਨਤਾ ਦੇ ਨੋਟਿਸ ਵਿੱਚ ਲਿਆਂਦਾ ਕਿ ਮੈਸਰਜ ਰੈਮਕੀ ਐਨਵਾਇਰੋ ਇੰਜਨੀਅਰਜ ਲਿਮਿਟਡ ਨੇ ਈ ਆਈ ਏ ਰੀਪੋਰਟ ਡਰਾਫਟ ਦੀਆਂ ਕਾਪੀਆਂ ਸਮੇਤ ਇਸ ਦੀ ਕਾਰਜਕਾਰੀ ਨਿਚੋੜ ਦੇ ਪੇਸ਼ ਕੀਤੀ ਹੈ । ਉਸ ਨੇ ਇਹ ਵੀ ਲਿਆਂਦਾ ਕਿ ਪਬਲਿਕ ਸੁਣਵਾਈ ਦਾ ਇੱਕ ਨੋਟਿਸ ਦੋ ਪ੍ਰਸਿੱਧੀ ਪ੍ਰਾਪਤ ਅਖਬਾਰਾਂ 'ਹਿੰਦੂਸਤਾਨ ਟਾਇਮਜ' ਅਤੇ 'ਅਜੀਤ' ਵਿੱਚ ਮਿਤੀ 27.05.2017 ਨੂੰ ਛਾਯਾ ਕੀਤਾ ਗਿਆ ਤਾਂ ਕਿ ਜਨਤਾ ਨੂੰ ਪਬਲਿਕ ਸੁਣਵਾਈ ਦੀ ਮਿਤੀ, ਸਮਾਂ ਅਤੇ ਜਗ੍ਹਾ ਤੋਂ ਜਾਗਰੂਕ ਕਰਵਾਇਆ ਜਾਵੇ ਅਤੇ ਉਨ੍ਹਾਂ ਜਗ੍ਹਾਵਾਂ/ਦਫਤਰਾਂ ਜਿਥੇ ਪਬਲਿਕ ਈ ਆਈ ਏ ਡਰਾਫਟ ਰੀਪੋਰਟ ਅਤੇ ਇਸ ਦੀ ਕਾਰਜਕਾਰੀ ਸਮੀਰ ਰੀਪੋਰਟ ਤੱਕ ਪਹੁੰਚ ਇਸ ਸੁਣਵਾਈ ਤੋਂ ਪਹਿਲਾਂ ਕਰ ਸਕੇ । ਉਸ ਨੇ ਦੱਸਿਆ ਕਿ ਇਹ ਪਬਲਿਕ ਸੁਣਵਾਈ ਮੌਜੂਦਾ ਸਾਂਝਾ ਟੀ ਐਸ ਡੀ ਐਫ ਨੂੰ ਇੱਕ ਇਕੱਠੀ ਸਾਂਝਾ ਖਤਰਨਾਕ ਵੇਸਟ ਟ੍ਰੀਟਮੈਂਟ ਸਟੋਰੇਜ਼ ਅਤੇ ਡਿਸਪੋਜਲ ਸਹੂਲੀਅਤ ਵਿੱਚ ਪ੍ਰਸਾਰ ਕਰਨ ਲਈ ਕੀਤੀ ਜਾ ਰਹੀ ਹੈ । ਉਸ ਨੇ ਮੈਸਰਜ ਰੈਮਕੀ ਐਨਵਾਇਰੋ ਇੰਜਨੀਅਰਜ ਲਿਮਿਟਡ, ਹੈਦਰਾਬਾਦ (ਈ ਆਈ ਏ ਸਲਾਹਕਾਰ) ਦੇ ਪ੍ਰਤੀਨਿਧੀਆਂ ਨੂੰ ਡਰਾਫਟ ਇਨਵਾਇਰੋ ਸਰਵਿਸਜ ਰੀਪੋਰਟ ਅਤੇ ਪ੍ਰੋਜੈਕਟ ਪ੍ਰਸਤਾਵ ਦੇ ਇਨਵਾਰਿਨਮੈਂਟਲ ਮੈਨੇਜਮੈਂਟ ਨਕਸ਼ੇ ਤੇ ਵੇਰਵੇ ਸਹਿਤ ਪ੍ਰਤੀਨਿਧਤਾ ਦੇਣ ਲਈ ਕਿਹਾ ।

ਡਾਕਟਰ ਬੀ. ਚੱਕਰਾਧਰ, ਮੈਸਰਜ ਰੈਮਕੀ ਐਨਵਾਇਰੋ ਇੰਜਨੀਅਰਜ ਲਿਮਿਟਡ ਦੇ ਸਲਾਹਕਾਰ/ਪ੍ਰਤੀਨਿਧੀ ਨੇ ਪਬਲਿਕ ਨੂੰ ਪ੍ਰੋਜੈਕਟ ਤੇ ਇੱਕ ਪ੍ਰਗਟਾਵਾ ਦਿੱਤਾ ਅਤੇ ਟੀ ਓ ਆਰ (ਟਰਮਜ ਆਫ ਰੈਫਰੈਂਸ) ਤੇ ਆਧਾਰਿਤ ਤਕਨੀਕੀ ਆਸ਼ਯ ਤੇ ਪ੍ਰਤੀਨਿਧਤਵਾ ਦਿੱਤਾ ਜਿਹੜਾ ਕਿ ਇੱਕ ਇਨਸੀਨੇਰੇਟਰ(ਐਸ ਇਕੱਠਾ ਕਰਨ ਵਾਲਾ) ਦੀ ਸਥਾਪਣਾ ਕਰਨਾ ਹੈ ਜਿਸ ਵਿੱਚ ਉਹ ਸਾਰੇ ਢੁੱਕਵੇਂ ਵਾਤਾਵਰਣ ਅਦਾਰਿਆਂ ਲਈ ਹੈ ਜਿਸ ਦੇ ਆਧਾਰ ਤੇ ਡਰਾਫਟ ਈ ਆਈ ਏ ਰੀਪੋਰਟ ਤਿਆਰ ਕੀਤੀ ਗਈ ਹੈ । ਉਸ ਨੇ ਸਪਸ਼ਟ ਕੀਤਾ ਕਿ 500 ਕਿਲੋਗ੍ਰਾਮ/ਘੰਟਾ ਦੀ ਸਮਰਥਾ ਦੇ ਖਤਰਨਾਕ ਵੇਸਟ ਇਸੀਨੇਰੇਟਰ ਦੇ ਲਗਾਉਣ ਲਈ ਰੀਪੋਰਟ ਨੂੰ ਤਿਆਰ ਕਰਦੇ ਸਮੇਂ ਇਹ ਮਹਿਸੂਸ ਕੀਤਾ ਗਿਆ ਕਿ ਭਵਿੱਖਤ ਉਦਯੋਗਿਕਰਨ ਨਾਲ ਅਤੇ ਸਮੇਂ ਦੀ ਜਰੂਰਤ ਨੂੰ ਸਮਝਦੇ ਹੋਏ ਇਹ ਜਰੂਰੀ ਹੈ ਕਿ ਟ੍ਰੀਟਮੈਂਟ(ਐਲ ਏ ਟੀ) ਨੂੰ 20,000 ਟੀ ਪੀ ਏ ਅਤੇ 40,000 ਟੀ ਪੀ ਏ, ਕ੍ਰਮਵਾਰ ਸਥਿਰ ਕਰਨ ਦੇ ਬਾਅਦ ਮੌਜੂਦਾ ਸਿੱਧਾ ਲੈਂਡਫਿਲ(ਡੀ ਐਲ ਐਫ) ਅਤੇ ਲੈਂਡਫਿਲ ਵੀ

ਸ਼ਾਮਲ/ਵਧਾਇਆ ਜਾਣਾ ਚਾਹੀਦਾ ਹੈ, ਅਤੇ ਨਾਲ ਹੀ ਖਤਰਨਾਕ ਵੇਸਟ ਇਨਸਿਨੇਰੇਟਰ ਸਮਰਥਾ–500 ਕਿਲੋਗ੍ਰਾਮ/ਘੰਟਾ, ਬਾਇਓ–ਮੈਡੀਕਲ ਵੇਸਟ ਮੈਨੈਜਮੈਟ ਸਹੂਲਤਾ ਸਮਰਥਾ–5 ਟੀ ਪੀ ਡੀ, ਬਦਲਵੀਂ ਇੰਧਨਾਂ ਅਤੇ ਕੱਚੇ ਮਾਲ ਸਹੂਲਤ ਸਮਰੱਥਾ – 18,000 ਟੀ ਪੀ ਏ, ਈ–ਵੇਸਟ ਮੈਨੇਜਮੈਂਟ ਸਹੂਲਤ ਸਮਰੱਥਾ–8,000 ਟੀ ਪੀ ਏ ਅਤੇ ਦੁਬਾਰ ਸਾਇਕਲ ਦੀਆਂ ਸਹੂਲਤਾਂ ਜਿਵੇਂ ਕਿ ਇਸਤੇਮਾਲ ਕੀਤੇ ਆਯਲ ਦੀ ਦੁਬਾਰਾ ਸਾਇਕਲਿੰਗ ਸਮਰੱਥਾ–2 ਕੇ ਐਲ ਡੀ, ਖਰਚੇ ਹੋਏ ਸਾਲਵੈਂਟ ਦਰ 5 ਕੇ ਐਲ ਡੀ, ਲੀਡ ਰੀਸਾਇਕਲਿੰਗ ਦਰ 2000 ਟੀ ਪੀ ਏ, ਪੇਪਰ ਰੀਸਾਇਕਲਿੰਗ ਦਰ 2 ਟੀ ਪੀ ਡੀ, ਅਤੇ ਪਲਾਸਟਿਕ ਰੀਸਾਇਕਲਿੰਗ ਦਰ 2 ਟੀ ਪੀ ਡੀ, ਲਾਉਣਾ ਅਤੇ ਇਸ ਨੂੰ ਇਕੱਠੇ ਕੀਤੇ ਸਾਂਝੇ ਖਤਰਨਾਕ ਵੇਸਟ ਟ੍ਰੀਟਮੈਂਟ ਸਟੋਰੇਜ਼ ਅਤੇ ਡਿਸਪੋਜਲ ਸਹੂਲਤ ਨੂੰ ਮੌਜੂਦਾ ਪਲਾਂਟ ਜਗ੍ਹਾਵਾਂ ਵਾਕਿਆ ਪਿੰਡ ਨਿੰਬੂਆਂ, ਜਿਲ੍ਹਾ ਮੋਹਾਲੀ (ਐਸ. ਏ. ਐਸ .ਨਗਰ) , ਪੰਜਾਬ ਵਿੱਚ ਤਬਦੀਲ ਕਰਨਾ, ਨੂੰ ਵੀ ਲਾਇਆ ਜਾਵੇ।

ਉਸ ਨੇ ਉਦਯੋਗ ਦੇ ਵਿਸਤਾਰ ਦੇ ਸਬੰਧ ਵਿੱਚ ਕਈ ਤਰ੍ਹਾਂ ਦੇ ਵੱਖਰੇ ਵੱਖਰੇ ਤਰੀਕੇ ਬਾਬਤ ਵੀ ਵੇਰਵੇ ਦਿਤੇ ਜਿਹੜੇ ਹੇਠ ਦਿੱਤੇ ਜਾਂਦੇ ਹਨ:

1. ਪ੍ਰੋਜੈਕਟ ਦੇ ਵੇਰਵੇ

ਸੀਰੀਅਲ ਨੰਬਰ	ਸਹੂਲਤ	ਮੌਜੂਦਾ ਸਮਰਥਾ	ਪ੍ਰਸਤਾਵਿਤ ਸਮਰਥਾ
1 2	ਸਿੱਧੀ ਲੈਂਡਫਿਲ(ਡੀ ਐਲ ਐਫ) ..... ਲੈਂਡਫਿਲ ਬਾਅਦ ਸਥਿਰਤਾ ਟ੍ਰੀਟਮੈਂਟ (ਐਲ ਏ ਟੀ)	36,000 ਟੀ ਪੀ ਏ	20,000 ਟੀ ਪੀ ਏ ..... 40,000 ਟੀ ਪੀ ਏ
3	ਇਨਸਿਟੇਰੇਸ਼ਨ(ਐਸ਼ ਇਕੱਠੀ) (ਆਈ ਐਨ ਸੀ) – ਐਚ ਡਬਲਿਓ ਅਤੇ ਬੀ ਐਮ ਡਬਲਿਓ ਲਈ ਸਾਂਝਾ	–	500 ਕਿਲੋਗ੍ਰਾਮ/ਘੰਟਾ
4	ਬਾਇਓ ਮੈਡੀਕਲ ਵੇਸਟ(ਬੀ ਐਮ ਡਬਲਿਓ)	–	5 ਟੀ ਪੀ ਡੀ
5	ਬਦਲਵਾਂ ਇੰਧਨ ਅਤੇ ਕੱਚਾ ਮਾਲ ਸਹੂਲਤ	–	18,000 ਟੀ ਪੀ ਏ

6	ਈ – ਵੇਸਟ	–	8,000 ਟੀ ਪੀ ਏ
7	ਆਯਲ ਰੀਸਾਇਕਲਿੰਗ ਇਿਸਤੇਮਾਲ	–	2 ਕੇ ਐਲ ਡੀ
8	ਬੁਝਿਆ ਸਾਲਵੈਂਟ ਰੀਸਾਇਕਲਿੰਗ	–	5 ਕੇ ਐਲ ਡੀ
9	ਲੀਡ ਰੀਸਾਇਕਲਿੰਗ	–	2,000 ਟੀ ਪੀ ਏ
10	ਪੇਪਰ ਰੀਸਾਇਕਲਿੰਗ	–	2 ਟੀ ਪੀ ਡੀ
11	ਪਲਾਸਟਿਕ ਰੀਸਾਇਕਲਿੰਗ	–	2 ਟੀ ਪੀ ਡੀ

2. ਪਾਨੀ ਦੀ ਜਰੂਰਤ ਅਤੇ ਵੇਸਟ ਵਾਟਰ ਦਾ ਪੈਦਾ ਹੋਣਾ

ਸੀਰੀਅਲ ਨੰਬਰ	ਉਪਯੋਗਤਾ	ਪਾਨੀ ਜਰੂਰਤ (ਕੇ ਐਲ ਡੀ)	ਵੇਸਟ ਪਾਨੀ ਜਨਰੇਸ਼ਨ (ਕੇ ਐਲ ਡੀ)
1	ਘਰੇਲੂ	5	4
2	ਫਲੋਰ ਵਾਸ਼ਿੰਗ	4	4
4	ਰੀਸਾਇਕਲਿੰਗ	10	2
5	ਬਾਇਓ ਮੈਡੀਕਲ ਵੇਸਟ ਸਹੂਲਤ	5	5
6	ਬਾਯਲਰ	12	7
7	ਇਨਸਿਨੇਰੇਸ਼ਨ	10	3
8	ਗ੍ਰੀਨ ਬੈਲਟ	4	–
	ਕੁੱਲ	56	25

3. ਪ੍ਰਸਤਾਵਿਤ ਪ੍ਰੋਜੈਕਟ ਦੀ ਪੂੰਜੀਗੱਤ ਲਾਗਤ 35 ਕਰੋੜ ਰੁਪਏ ਹੈ ਜਿਸ ਵਿੱਚੋਂ 3 ਕਰੋੜ ਵਾਤਾਵਰਣ ਮੈਨੇਜਮੈਂਟ ਯੋਜਨਾ(ਈ ਐਮ ਪੀ) ਲਈ ਰੱਖੇ ਗਏ ਹਨ । ਇਸ ਦਾ ਮੰਤਵ ਇਹ ਯਕੀਨੀ ਬਣਾਉਣਾ ਹੈ ਕਿ ਵਾਤਾਵਰਣ ਨੂੰ ਪ੍ਰਸਤਾਵਿਤ ਪ੍ਰੋਜੈਕਟ ਗਤੀਵਿਧੀਆ ਕਰਕੇ ਕੋਈ ਨੁਕਸਾਨ ਨਾ ਆਵੇ । ਇਸ ਦੀ ਸ਼ੁਰੂਆਤੀ ਲਾਗਤ 3 ਕਰੋੜ ਰੁਪਏ ਹੈ ਜਿਹੜੀ ਸਮੇਤ ਇੱਕ ਦੁਬਾਰਾ ਸਾਲਾਨਾ 30 ਲੱਖ ਪ੍ਰਤੀ ਸਾਲ ਇਸ ਨੂੰ ਚਲਾਉਣ ਅਤੇ ਰੱਖ ਰਖਾਵ ਕਰਨ ਲਈ ਰੱਖੀ ਗਈ ਹੈ ।

4. ਵਾਤਾਵਰਣ ਮਨੇਜਮੈਂਟ ਯੋਜਨਾ ਦੇ ਲਾਗੂ ਕਰਨ ਦਾ ਬਜੱਟ

		(ਲੱਖ ਰੁਪਏ)	(ਲੱਖ/ਸਾਲਾਨਾ ਰੁਪਏ)
1	ਵਾਯੂ ਪ੍ਰਦੂਸ਼ਨ ਕੰਟ੍ਰੋਲ ਸਿਸਟਮ	100	10
2	ਸ਼ੋਰ ਕੰਟ੍ਰੋਲ ਤਰੀਕੇ – ਡੀ ਜੀ ਸੈਟ ਲਈ ਅਕਾਓਸਟਿਕ ਬੰਦ, ਪੰਪਾਂ ਲਈ ਸ਼ੋਰ ਬੈਰੀਅਰ ਵਗੈਰਾ	5	0. 5
3	ਗ੍ਰੀਨਬੈਲਟ ਵਿਕਾਸ	5	0. 5
5	ਆਨਲਾਇਨ ਸਟੈਕ ਮੋਨਿਟਰਿੰਗ	50	10
6	ਐਂਬਿੰਟ ਏਅਰ ਕੁਆਲਟੀ ਮਾਨਟਰਿੰਗ	25	3
7	ਤੀਸਰੀ ਧਿਰ ਵਾਤਾਵਰਣ ਮੋਨਿਟਰਿੰਗ, ਐਨਰਜੀ ਆਡਿਟ, ਵਾਤਾਵਰਣ ਆਡਿਟ, ਟ੍ਰੇਨਿੰਗ ਪ੍ਰੋਗਰਾਮ ਵਗੈਰਾ	40	6
8	ਵਾਤਾਵਰਣ ਕੰਟ੍ਰੋਲ ਤਰੀਕੇ ਦੋਰਾਣੇ ਉਸਾਰੀ ਮਰਹਲੇ ਅਤੇ ਫੁੱਟਕਲ ਕੰਮ	75	–
	ਕੁੱਲ	300	30

5. 20 ਲੱਖ ਰੁਪਏ ਕਾਰਪੋਰੇਟ ਸਮਾਜਿਕ ਜਿਮੇਵਾਰੀ (ਸੀ ਐਸ ਆਰ)ਲਈ ਰੱਖੇ ਗਏ ਹਨ । ਇਹ ਫੰਡ 2 ਸਾਲਾਂ ਦੇ ਅਰਸੇ ਵਿੱਚ ਇਸਤੇਮਾਲ ਕੀਤਾ ਜਾਵੇਗਾ । ਉਸ ਤੋਂ ਬਾਅਦ ਕੰਪਨੀ ਇਸ ਵੱਲ ਸਾਲਾਨਾ ਲਾਭਦਾ 2 % ਅਲਾਟ ਕਰੇਗੀ । ਡਾਕਟਰ ਬੀ. ਚੱਕਰਾਧਰ ਨੇ, ਫੋਟੋਗ੍ਰਾਫਾਂ ਨਾਲ, ਜ਼ੋਰ ਦਿੱਤਾ ਕਿਵੇਂ ਇਹ ਗਤੀਵਿਧੀਆਂ ਪਹਿਲਾਂ ਹੀ ਪ੍ਰੋਜੈਕਟ ਤੇ ਚਲਾਇਆਂ ਜਾ ਰਹੀਆਂ ਹਨ ਅਤੇ ਇਹ ਵੱਧ ਫੰਡ ਲਾਕੇ ਹੇਠ ਲਿਖਿਆਂ ਵਿਸ਼ੇਸ਼ ਸੰਕੇਤਿਕ ਗਤੀਵਿਧੀਆਂ ਦੇ ਕੇ ਚਾਲੂ ਰੱਖਿਆਂ ਜਾਣਗੀਆਂ:

ਸੀਰੀਅਲ ਨੰਬਰ	ਗਤੀਵਿਧੀਆਂ	ਵੇਰਵੇ	ਕੁੱਲ ਰਕਮ ਰੁਪਏ (ਲੱਖ)

1	ਖਤਰਨਾਕ ਵੇਸਟ ਜਾਗਰੂਕਤਾ ਪ੍ਰੋਗਰਾਮ	ਨਿਪੁਣ ਵਿਅਕਤੀਆਂ ਦੇ ਲੈਕਚਰਾਂ ਦਾ ਪ੍ਰਬੰਧ ਰਾਹੀਂ ਇਸ ਲਈ ਜਾਗਰੂਕ ਕਰਨਾ	2
2	ਸੇਹਤ ਚੈਕਅੱਪ	ਨੇੜੇ ਦੇ ਪਿੰਡਾ ਵਿੱਚ ਜਾਤੀਆਂ ਲਈ ਸੇਹਤ ਚੈਕਅੱਪ	5
3	ਪਾਨੀ ਦੇ ਨਲਕਿਆਂ ਦਾ ਲਗਾਉਣਾ	ਨੇੜੇ ਦੇ ਪਿੰਡਾ ਵਿੱਚ ਪਾਨੀ ਦੇ ਨਲਕੇ ਅਤੇ ਇਕੱਠੇ ਪਾਨੀ ਫਿਲਟਰ ਯੂਟਿਨ	4
4	ਸਕੂਲਾਂ ਦਾ ਵਿਕਾਸ	ਕਿਤਾਬਾਂ ਅਤੇ ਹੋਰ ਜਰੂਰਤ ਆਧਾਰਿਤ ਵਿਦਿਆ ਮੈਟੀਰੀਅਲ ਸਕੂਲਾਂ ਨੂੰ ਦਾਨ ਰਾਹੀਂ ਦੇ ਕੇ	3. 5
5	ਸੇਹਤ ਰੋਗਮੁਕਤੀ ਕੈਂਪ	ਨੇੜੇ ਦੇ ਪਿੰਡਵਾਸੀਆਂ–ਔਰਤਾਂ ਅਤੇ ਬੱਚਿਆਂ ਲਈ	4
6	ਪਾਰਕ/ਖੇਡਣ ਦੇ ਮੈਦਾਨ	ਪਾਰਕਾਂ ਅਤੇ ਖੇਡਣ ਦੇ ਮੈਦਾਨਾਂ ਦਾ ਨਵੀਂਕਰਨ ਜਾਂ ਵਿਕਾਸ ਨੇੜੇ ਦੇ ਪਿੰਡਾਂ ਵਿੱਚ ਕੀਤਾ ਜਾਵੇਗਾ	1. 5
ਕੁੱਲ			20
ਪ੍ਰੋਜੈਕਟ ਦੀ ਪੂੰਜੀਗੱਤ ਲਾਗਤ 35 ਕਰੋੜ ਰੁਪਏ ਹੈ ।			

6. ਪ੍ਰੋਜੈਕਟ ਦੇ ਲਾਭ ਹੇਠ ਲਿਖੇ ਹਨ:–

– ਖਤਰਨਾਕ ਵੇਸਟ ਦਾ ਪ੍ਰਬੰਧਨ ਅਤੇ ਗ੍ਰੀਨ ਅਤੇ ਸਾਫ ਸੁਥਰੇ ਵਾਤਾਵਰਣ ਦਾ ਵਧੀਕ ਲਾਭ

– ਇਹ ਉਦਯੋਗਿਕ ਖਤਰਨਾਕ ਵੇਸਟ ਤੋਂ ਵਾਤਾਵਰਣ ਤੇ ਪ੍ਰਦੂਸ਼ਨ ਭਾਰ ਨੂੰ ਘੱਟ ਤੋਂ ਘੱਟ ਕਰਦਾ ਹੈ ।

–ਮਿੱਥੇ ਰੈਗੂਲੇਟਰੀ ਮਿਆਰਾਂ ਦੀ ਪਾਲਣਾ ਕਰਨਾ ਜਿਹੜੀ ਇਸ ਦ ਨਤੀਜੇ ਵਜੋਂ ਨਿਯਮਾਂ ਦੀ ਉਲੰਘਣਾ ਦੇ ਕਰਕੇ ਬੰਦ ਹੋਣ ਦੇ ਖਤਰੇ ਨੂੰ ਬਚਾਉਂਦਾ ਹੈ ।

– ਇਹ ਇਲਾਕੇ ਵਿੱਚ ਖਤਰਨਾਕ ਵੇਸਟ ਜਗ੍ਹਾਵਾਂ ਦੀ ਗਿਣਤੀ ਨੂੰ ਘਟਾਉਂਦਾ ਹੈ ਅਤੇ ਪ੍ਰਦੂਸ਼ਨ ਸਮਰੱਥਾ ਨੂੰ ਵੀ ਖਤਮ ਕਰਦਾ ਹੈ ।

–ਵੇਸਟਾਂ ਦਾ ਪ੍ਰਬੰਧਨ ਮੁਕਾਲਤਨ ਸੌਖਾ ਹੈ ਅਤੇ ਆਰਥਿਕ ਤੌਰ ਤੇ ਸਾਂਝੀ ਸਹੂਲਤ ਤੇ ਕਰਨਯੋਗ ਹੈ ।

– ਸਾਂਝੀ ਸਹੂਲਤ ਤੇ ਵਾਤਾਵਰਣ ਮਾਨਟਰਿੰਗ ਦੀ ਲਾਗਤ ਘੱਟ ਹੈ ।

– ਉਦਯੋਗਾ ਦੀਆਂ ਜਗ੍ਹਾਵਾਂ ਵਿੱਚ ਖਤਰਨਾਕ ਵੇਸਟ ਦੀ ਕੈਪਟਿਵ ਸਟੋਰੇਜ਼ ਕਾਰਨ ਵਾਤਾਵਰਣ ਜਿਮੇਵਾਰੀ ਨੂੰ ਘਟਾਉਂਦਾ ਹੈ ।

– ਵਿਅਕਤੀਗੱਤ ਉਦਯੋਗਿਕ ਸਤਰ ਤੇ ਚੰਗੀ ਕਿੱਤਾਕਾਰੀ ਸੇਹਤ ਅਤੇ ਸੁਰਖਿਆ

–ਕੁਦਰਤੀ ਸੋਮੇ ਦੀ ਗਲ੍ਹਣ–ਸੜਨ ਦਾ ਬਚਾਉ ਜ਼ਿਸ ਨਾਲ ਖਿੱਤੇ ਦੇ ਪੂਰਨ ਵਾਤਾਵਰਣ ਮਿਆਰ ਵਿੱਚ ਸੁਧਾਰ ।

ਡਾਕਟਰ ਬੀ. ਚੱਕਰਾਧਰ ਨੇ ਪੇਸ਼ਕਾਰੀ ਦਾ ਸਮਾਪਨ ਕੀਤਾ ਅਤੇ ਲੋਕਾਂ ਨੂੰ ਪ੍ਰਸਤਾਵਿਤ ਪ੍ਰੋਜੈਕਟ ਦੀ ਬਾਬਤ ਪ੍ਰਸ਼ਨਾ/ਮੁੱਦਿਆਂ ਨਾਲ ਅੱਗੇ ਆਉਣ ਲਈ ਸੱਦਾ ਦਿੱਤਾ ।

ਉਸ ਤੋਂ ਬਾਅਦ, ਵਾਤਾਵਰਣ ਇੰਜਨੀਅਰ, ਪੰਜਾਬ ਪ੍ਰਦੂਸ਼ਨ ਕੰਟ੍ਰੋਲ ਬੋਰਡ ਨੇ ਹਾਜਰ ਆਏ ਲੋਕਾਂ ਨੂੰ ਸੂਚਿਤ ਕੀਤਾ ਕਿ ਸਮਾਗਮ ਤੇ ਹਾਜਰ ਲੋਕ ਸੂਚਨਾ ਜਾਂ ਸਪਸ਼ਟਤਾਵਾਂ ਲੈ ਸਕਦੇ ਹਨ ਜਾਂ ਪ੍ਰੋਜੈਕਟ ਦੀ ਪ੍ਰਸਤਾਵਿਤ ਪ੍ਰਸਾਰ ਨਾਲ ਸਬੰਧਤ ਕਈ ਪ੍ਰਕਾਰ ਦੇ ਮੁੱਦਿਆਂ ਤੇ ਆਪਣੇ ਸੁਝਾਵ ਜਾਂ ਇਤਰਾਜ ਚਲਾਉਣ ਵਾਲੇ/ਸਲਾਹਕਾਰ ਤੋਂ ਲੈ/ਦੇ ਸਕਦੇ ਹਨ । ਉਸ ਨੇ ਲੋਕਾਂ ਨੂੰ ਇਹ ਵੀ ਸੂਚਿਤ ਕੀਤਾ ਕਿ ਵਿਅਕਤੀ ਨੂੰ ਆਪਣਾ ਨਾਮ ਅਤੇ ਪਤਾ ਦੱਸਣਾ ਚਾਹੀਦਾ ਹੈ ਤਾਂ ਕਿ ਉਸ ਨੂੰ ਨੋਟ ਕੀਤਾ ਜਾ ਸਕੇ ਅਤੇ ਉਹ ਕਾਰਵਾਈਆਂ ਦਾ ਇੱਕ ਭਾਗ ਬਣ ਸਕੇ ।

ਉਸ ਤੇ, ਸੂਚਨਾ/ਸਪਸ਼ਟਤਾਵਾਂ ਦਾ ਵੇਰਵਾ ਸੁਣਵਾਈ ਦੇ ਸਮਾਗਮ ਤੇ ਹਾਜਰ ਵਿਅਕਤੀਆਂ ਵਲੋਂ ਦਿੱਤਾ ਗਿਆ ਅਤੇ ਉਦਯੋਗ ਸਲਾਹਕਾਰ/ਪ੍ਰੋਜੈਕਟ ਚਲਾਉਣ ਵਾਲੇ ਦੇ ਦਿੱਤੇ ਜੁਆਬ ਹੇਠ ਲਿਖੇ ਹਨ:–

ਸੀਰੀਅਲ ਨੰਬਰ	ਵਿਅਕਤੀ ਦਾ ਨਾਮ	ਸਵਾਲ/ਕਿਆਰੀ/ਵਿਅਕਤੀ ਦੇ ਬਿਆਨਾਤ	ਜ਼ੁਆਬ/ਸਪਸ਼ਟਤਾ ਜਿਹੜੀ ਕੰਪਨੀ/ਪੈਨਲ ਮੈਂਬਰ ਵਲੋਂ ਦਿੱਤੀ ਗਈ
1	ਸ਼੍ਰੀ ਸੁਰਮੁਖ ਸਿੰਘ, ਸਰਪੰਚ ਪਿੰਡ ਖੇੜੀ, ਤਹਿਸੀਲ ਡੇਰਾ ਬੱਸੀ, ਜਿਲ੍ਹਾ ਐਸ .ਏ .ਐਸ .ਨਗਰ(ਮੋਹਾਲੀ)	–ਉਸ ਨੇ ਕਿਹਾ ਕਿ ਜੱਦ ਅਜਿਹੇ ਨਵੇਂ ਪਲਾਂਟ ਆਉਂਦੇ ਹਨ ਉਨ੍ਹਾਂ ਨਾਲ ਸਾਕਾਰਾਤਮਕ ਅਤੇ ਨਾਕਾਰਾਤਮਕ ਪਹਲੂ ਜੁੜੇ ਹੁੰਦੇ ਹਨ –ਉਸ ਨੇ ਇਹ ਵੀ ਕਿਹਾ ਕਿ ਜ਼ੋ ਕੁੱਝ ਟਿੱਪਣੀਆਂ ਵਿੱਚ ਵਾਇਦਾ ਕੀਤਾ ਗਿਆ ਹੈ ਉਸ ਨੂੰ ਪੂਰਾ ਵੀ ਕਰਨਾ ਚਾਹੀਦਾ ਹੈ ।	– ਸ਼੍ਰੀ ਚਰਨਦੇਵ ਸਿੰਘ ਮਾਨ, ਏ ਡੀ ਸੀ, ਨੇ ਕਿਹਾ ਕਿ ਸਾਰੀਆਂ ਹੀ ਬੜੀਆਂ ਸਹੀ ਪੇਸ਼ ਕੀਤੀਆਂ ਗਈਆਂ ਗੱਲਾਂ ਹਲ ਅਤੇ ਇਹਨਾ ਤੇ ਵਿਚਾਰ ਕੀਤਾ ਜਾਵੇਗਾ ਅਤੇ ਉਹ ਯਕੀਨੀ ਬਣਾਉਣਗੇ ਕਿ ਇਹ ਕੰਪਨੀ ਵਲੋਂ ਕੀਤਾ ਜਾਵੇ । – ਸ਼੍ਰੀ ਸੰਦੀਪ ਹਿਮਾਲਯਨ, ਪ੍ਰੋਜੈਕਟ ਮੁਖੀ, ਪੰਜਾਬ ਵੇਸਟ ਪ੍ਰਬੰਧਨ ਪ੍ਰੋਜੈਕਟ ਨੇ ਕਿਹਾ ਕਿ ਕੁੱਝ ਗਤੀਵਿਧੀਆਂ

		– ਸੀ ਐਸ ਆਰ ਗਤੀਵਿਧੀਆਂ ਨੂੰ ਸਥਾਨਿਯਾ ਪਿੰਡ ਯਾਨਿ ਕਿ ਨਿੰਬੁਆਂ ਤੱਕ ਸੀਮਿਤ ਨਹੀਂ ਰਹਿਣ ਦੇਣਾ ਚਾਹੀਦਾ ਪਰ ਹੋਰ ਨੇੜੇ ਦੇ ਪਿੰਡਾ ਵਿੱਚ ਚਲਾਉਣਾ ਚਾਹੀਦਾ ਹੈ । –ਵਾਤਾਵਰਣ ਦੀ ਸੁਰਖਿਆ ਲਈ ਕੰਪਨੀ ਇੱਕ ਪਿੰਡ ਅਪਣਾ ਸਕਦੀ ਹੈ, ਉਥੇ ਪੌਦੇ ਲਗਾ ਸਕਦੀ ਹੈ ਅਤੇ ਹੋਰ ਵਾਤਾਵਰਣ ਸੁਰਖਿਆ ਸਬੰਧੀ ਗਤੀਵਿਧੀਆਂ ਕਰ ਸਕਦੀ ਹੈ । – ਕੰਪਨੀ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਟੀ ਐਸ ਡੀ ਐਫ ਦੀਆਂ ਜਗ੍ਹਾਵਾਂ ਦੇ ਬਾਹਰ ਕੋਈ ਵੇਸਟ ਨਾ ਡੁੱਲੇ । –ਨੋਕਰੀ ਮੌਕਿਆਂ ਲਈ ਸਥਾਨਿਆ ਲੋਕਾਂ ਨੂੰ ਤਰਜੀਹ ਦਿੱਤੀ ਜਾ ਸਕਦੀ ਹੈ, ਉਨ੍ਹਾਂ ਲਈ ਕੁੱਝ ਵਿਸ਼ੇਸ਼ ਕੋਟਾ ਹੋਣਾ ਚਾਹੀਦਾ ਹੈ । – ‘‘ਛਬੀਲ’’ ਦੀ ਦੀ ਇੱਕ ਸਮੇਂ ਦੀ ਗਤੀਵਿਧੀਆਂ ਦੇ ਕਰਨ ਦੀ ਜਗ੍ਹਾ , ਸਥਾਈ ਹੱਲ ਜਿਵੇਂ ਕਿ ਪਾਨੀ ਸਾਫ ਕਰਨ ਦਾ ਯੰਤਰ ਦਿੱਤਾ ਜਾਣਾ ਚੰਗਾ ਹੈ ।	ਪਹਿਲਾਂ ਹੀ ਕੰਪਨੀ ਵਲੋਂ ਅਮਲ ਵਿੱਚ ਲਿਆਂਦਿਆਂ ਜਾ ਚੁੱਕੀਆਂ ਹਨ । – ਸ਼੍ਰੀ ਚਰਨਦੇਵ ਸਿੰਘ ਮਾਨ ਨੇ ਸੁਝਾਵ ਦਿੱਤਾ ਕਿ ਜੱਦ ਕਦੇ ਵੀ ਅਜਿਹੀਆਂ ਸੀ ਐਸ ਆਰ ਗਤੀਵਿਧੀਆਂ ਜਿਲ੍ਹਾ ਪ੍ਰਬੰਧਨ ਦੀ ਮੰਜੂਰੀ ਨਾਲ ਕੀਤੀਆਂ ਜਾਣਗੀਆਂ ਕਿਉਂਕਿ ਪ੍ਰਬੰਧਣ ਸਥਾਨਿਆ ਜਰੂਰਤਾਂ ਦੇ ਜਿਆਦਾ ਜਾਗਰੂਕ ਹਨ ਅਤੇ ਫਿਰ ਅਜਿਹੇ ਫੰਡਾਂ ਨੂੰ ਜਿਆਦਾ ਜਰੂਰਤ ਮੰਦ ਇਲਾਕਿਆਂ ਨੂੰ ਮੋੜ ਦਿੱਤਾ ਜਾਵੇਗਾ ਜਿਨ੍ਹਾਂ ਦੀ ਸ਼ਨਾਖਤ ਪਿੰਡ ਦੀ ਪੰਚਾਇਤਾਂ ਨਾਲ ਵਿਚਾਰ ਵਟਾਂਦਰਾ ਕਕੇ ਕੀਤੀ ਜਾ ਸਕਦੀ ਹੈ ।
2	ਸ਼੍ਰੀ ਕਮਲ ਰਾਜ ਕੁਮਾਰ , ਪਿੰਡ ਸੁੰਡਰਾਂ,	–ਉਸ ਨੇ ਕਿਹਾ ਕਿ ਕਿ ਜੱਦ ਅਜਿਹੇ ਨਵੇਂ ਪਲਾਂਟ ਆਉਂਦੇ ਹਨ ਉਨ੍ਹਾਂ ਨਾਲ	ਸ਼ਸ਼੍ਰੀ ਚਰਨਦੇਵ ਸਿੰਘ ਮਾਨ, ਏ ਡੀ ਸੀ ਨੇ ਜਾਹਿਰ ਕੀਤਾ ਕਿ ਦਿੱਤੇ ਇਲਾਕੇ

	ਤਹਿਸੀਲ ਡੇਰਾ ਬੱਸੀ, ਜਿਲ੍ਹਾ ਐਸ .ਏ .ਐਸ .ਨਗਰ (ਮੋਹਾਲੀ)	ਸਾਕਾਰਾਤਮਕ ਅਤੇ ਨਾਕਾਰਾਤਮਕ ਪਹਲੂ ਜੁੜੇ ਹੁੰਦੇ ਹਨ । –ਉਸ ਨੂੰ ਇਲਾਕੇ ਵਿੱਚ ਪ੍ਰੋਜੈਕਟ ਦੇ ਆਉਣ ਤੇ ਕੋਈ ਇਤਰਾਜ ਨਾ ਹੈ ਪਰ ਉਸ ਦੇ ਹੇਠ ਲਿਖੇ ਕੁੱਝ ਸੁਝਾਵ ਹਨ: –ਕੰਪਨੀ ਵਿਧਵਾਵਾਂ ਨੂੰ ਨੌਕਰੀਆਂ ਜਾਂ ਪੈਂਸ਼ਨਾ ਦੇਣ ਲਈ ਵਸੀਲਾ ਕਰ ਸਕਦੀ ਹੈ । –ਕੰਪਨੀ ਨੇੜਲੇ ਪਿੰਡਾਂ ਵਿੱਚ ਬੱਚਿਆਂ ਲਈ ਖੇਡਣ ਦੇ ਮੈਦਾਨ ਸਥਾਪਿਤ ਕਰ ਸਕਦੀ ਹੈ । –ਕੰਪਨੀ ਨੇੜਲੇ ਇਲਾਕੇ ਵਿੱਚ ਦਵਾਈਆਂ ਤੋਂ ਰਾਹਤ/ਮੁੜ ਵਸਾਉ ਕੇਂਦਰ ਸਥਾਪਤ ਕਰ ਸਕਦੀ ਹੈ । –ਕੰਪਨੀ ਕਿਤਾਬਾਂ, ਪੈਂਸਲਾਂ ਵਗੈਰਾ ਦੇ ਕੇ ਸਕੂਲਾਂ ਦਾ ਦਰਜਾ ਵਧਾਉਣ ਲਈ ਫੰਡ ਮੁਹਈਆ ਕਰ ਸਕਦੀ ਹੈ ।	ਵਿੱਚ ਆਬਾਦੀ ਅਤੇ ਵਿਕਾਸ ਦੇ ਵਾਧੇ ਨਾਲ ਅਜਿਹੀਆਂ ਡਿਸਪੋਜਲ ਗਤੀਵਿਧੀਆਂ ਬਹੁਤ ਮਹੱਤਵਪੂਰਨ ਬਣ ਗਈਆਂ ਹਨ । ਸਿਰਫ ਇਸ ਕਰਕੇ ਕਿ ਇੱਕ ਵਿਸ਼ੇਸ਼ ਇਲਾਕੇ ਵਿੱਚ ਵੇਸਟ ਡਿਸਪੋਜਲ ਦੀਆਂ ਗਤੀਵਿਧੀਆਂ ਚੱਲ ਰਹੀਆਂ ਹਨ ਇਸ ਦਾ ਮਤਲਬ ਇਹ ਨਹੀਂ ਹੈ ਕਿ ਇਹ ਇਲਾਕੇ ਦੇ ਵਾਤਾਵਰਣ ਤੇ ਨੁਕਸਾਨ ਕਰਨਗੀਆਂ ਜਾਂ ਲੋਕਾਂ ਨੂੰ ਪ੍ਰਭਾਵਿਤ ਕਰਨਗੀਆਂ । ਅਸਲ ਵਿੱਚ ਇਹ ਵਾਤਾਵਰਣ ਦੇ ਪੱਖ ਤੋਂ ਸੇਹਤਮੰਦ ਵੇਸਟ ਡਿਸਪੋਜਲ ਸਹੂਲਤਾਂ ਯਕੀਨੀ ਬਣਾਉਂਦੀਆਂ ਹਨ ਕਿ ਵਾਤਾਵਰਣ ਨੂੰ ਕੋਈ ਨੁਕਸਾਨ ਨਹੀਂ ਹੋਇਆ ਹੈ ।
3	ਸ਼੍ਰੀ ਰਨਬੀਰ ਸਿੰਘ, ਪਿੰਡ ਸ਼ਿਆਮਪੁਰ, ਤਹਿਸੀਲ ਪੰਚਕੂਲਾ, ਜਿਲ੍ਹਾ ਪੰਚਕੂਲਾ	– ਉਹ ਇਨਸਿਨੇਰੇਟਰ ਤੋਂ ਪੈਦਾ ਹੋਕੇ ਨਿਕਲੇ ਨਿਵਾਸ ਦੀ ਗੁਣਵੱਤਾ ਤੇ ਪ੍ਰਭਾਵ ਨੂੰ ਜਾਣਨਾ ਚਾਹੁੰਦੇ ਸਨ ।	–ਡਾਕਟਰ ਬੀ. ਚੱਕਰਾਧਰ ਨੇ ਜਿਕਰ ਕੀਤਾ ਕਿ ਇਨਸਿਨੇਰੇਟ ਵਿੱਚ ਸਕਰਬਰ ਦਾ ਸਿਸਟਮ ਹੁੰਦਾ ਹੈ ਤਾਂ ਕਿ ਯਕੀਨੀ ਬਣਾਵੇ ਕਿ ਕੋਈ ਨੁਕਸਾਨਦਾਯਕ ਪ੍ਰਦੂਸ਼ਤ ਮਾਦੇ ਵਾਤਾਵਰਣ ਵਿੱਚ ਨਹੀਂ ਨਿਕਲ ਕੇ ਜਾਂਦੇ । ਸਕਰੱਬਰ ਤੋਂ ਪੈਦਾ ਹੋਇਆ ਵੇਸਟ

			ਪਾਨੀ ਪਲਾਂਟ ਵਿੱਚ ਟ੍ਰੀਟ ਕੀਤਾ ਜਾਵੇਗਾ ਅਤੇ ਇਸ ਤੋਂ ਵੇਸਟ ਬੱਚਿਆ ਮਾਦੇ ਨੂੰ ਲੈਂਡਫਿਲ ਵਿੱਚ ਡਿਸਪੋਜ਼ ਕੀਤਾ ਜਾਵੇਗਾ ।

ਸ਼੍ਰੀ ਚਰਨਦੇਵ ਸਿੰਘ ਮਾਨ, ਏ ਡੀ ਸੀ, ਨੇ ਇਹ ਵੀ ਸਪਸ਼ਟ ਕੀਤਾ ਕਿ ਭਵਿੱਖ ਵਿੱਚ ਜੇਕਰ ਅਜਿਹੀ ਕੋਈ ਕਠਨਾਈ ਆਉਂਦੀ ਹੈ ਜਿਹੜੀ ਵਾਤਾਵਰਣ ਨੂੰ ਪ੍ਰਦੂਸ਼ਿਤ ਕਰੇ ਤਾਂ ਉਸ ਨੂੰ ਐਸ ਪੀ ਸੀ ਬੀ ਦੇ ਰੀਜਨਲ ਦਫਤਰ ਤੇ ਰੀਪੋਰਟ ਕੀਤਾ ਜਾ ਸਕਦਾ ਹੈ ਜਿਹੜਾ ਮਾਮਲੇ ਵਿੱਚ ਲੋੜੀਂਦੀ ਕਾਰਵਾਈ ਕਰੇਗਾ ।

ਸ਼੍ਰੀ ਸੰਜੀਵ ਕੁਮਾਰ ਜ਼ੋ ਕਿ ਇੱਕ ਸੀਨਿਅਰ ਵਿਅਕਤੀ ਵਜੋਂ ਟੀ ਐਸ ਡੀ ਐਫ ਤੇ ਪ੍ਰਸਤਾਵਿਤ ਲਈਆਂ ਜਾਂਦੀਆਂ ਗਤੀਵਿਧੀਆਂ ਲਈ ਜੁਵਾਬਦੇਹ ਹੈ ਲੋਕਾਂ ਨੂੰ ਯਕੀਨ ਦੁਆਇਆ ਕਿ ਸਹੂਲਤ ਕਈ ਪ੍ਰਕਾਰ ਦੇ ਵੇਸਟ ਰੀਸਾਇਕਲਿੰਗ ਜਾਂ ਡਿਸਪੋਜਲ ਗਤੀਵਿਧੀਆਂ ਲਹੀ ਪ੍ਰਸਤਾਵਿਤ ਕੀਤੀ ਜਾ ਰਹੀ ਹੈ ਜਿਹੜੀ ਯਕੀਨ ਦੁਆਏਗੀ ਕਿ ਅਜਿਹੇ ਵੇਸਟਾਂ ਤੋਂ ਕੋਈ ਪ੍ਰਦੂਸ਼ਨ ਪੈਦਾ ਨਹੀਂ ਹੁੰਦਾ । ਦੂਸਰੇ , ਕੰਪਨੀ ਦੀ ਸਮਾਜਿਕ ਜਿਮੇਵਾਰੀ ਦੇ ਭਾਗ ਵਜੋਂ ਲੋਕਾਂ ਵਲ਼ੋ ਕਈ ਪ੍ਰਕਾਰ ਦੇ ਸੁਝਾਵ ਆਏ ਹਲ ਜਿਨ੍ਹਾਂ ਦਾ ਨਿਵਾਰਨ ਯੋਗ ਤਰੀਕੇ ਨਾਲ ਕੀਤਾ ਜਾਵੇਗਾ । ਅਜਿਹੀਆਂ ਗਤੀਵਿਧੀਆਂ ਪਹਿਲਾਂ ਹੀ ਚਲਾਇਆਂ ਜਾ ਰਹੀਆਂ ਸਨ ਪਰ ਹੁਣ ‘‘ਜਰੂਰਤਾਂ’’ ਦੇ ਚੰਗੇ ਫੋਕਸ ਹੋਣਗੇ ਜਿਹੜੇ ਅਜਿਹੇ ਕਿਸੇ ਗਤੀਵਿਧੀਆਂ ਨੂੰ ਚਲਾਉਣ ਤੋਂ ਪਹਿਲਾਂ ਜਿਲ੍ਹਾ ਪ੍ਰਸ਼ਾਸ਼ਨ ਦੀ ਸਲਾਹ ਨਾਲ ਕੀਤੇ ਜਾਣਗੇ । ਤੀਸਰੇ, ਹਾਜਰੀਨ ਪ੍ਰਦੂਸ਼ਨ ਦੇ ਸੰਭਾਵਨਾ ਬਾਰੇ ਚਿਤਿੰਤ ਹਨ, ਚਾਹੇ ਇਹ ਸਮਣਯੋਗ ਹੈ ਪਰ ਉਨ੍ਹਾਂ ਨੂੰ ਇਸ ਬਾਰੇ ਚਿੰਤਤ ਨਹੀਂ ਹੋਣਾ ਚਾਹੀਦਾ ਕਿਉਂਕਿ ਪਲਾਂਟ ਦੀ ਆਭਦੀ ਚੰਗੀ ਰੱਖ ਰਖਾਵ ਕੀਤੀ ਗ੍ਰੀਨ ਬੈਲਟ ਹੋਵੇਗੀ ਜਿਹੜੀ ਆਮ ਪਲਾਂਟ ਵਾਤਾਵਰਨ ਦੀ ਸ਼ੁੱਧੀ ਨੂੰ ਜਾਹਿਰ ਕਰੇਗੀ । ਇਹ ਇੱਕ ਚੰਗੀ ਤਰ੍ਹਾਂ ਮਾਨਿਟਰ ਕੀਤਾ ਪ੍ਰੋਜੈਕਟ ਹੈ ਜਿਸ ਨਾਲ ਆਨਲਾਇਨ ਮਾਨਟਿਰਿੰਗ ਸਹੂਲਤਾਂ ਹਨ ਜਿਸ ਨੂੰ ਇਨਸਿਟੇਰੇਟਰ ਸਹੂਲਤ ਤੱਕ ਵੀ ਵਧਾਇਆ ਜਾਵੇਗਾ । ਉਸ ਨੇ ਹਾਜਰ ਵਿਅਕਤੀਆਂ ਨੂੰ ਕੋਈ ਲਿਖਤੀ ਸੁਝਾਵ/ਦ੍ਰਿਸ਼ਟਾਵਾਂ ਦਣ ਦੀ ਬੇਨਤੀ ਵੀ ਕੀਤੀ, ਜਿਸ ਤਰ੍ਹਾ ਕਿ ਪਹਿਲਾਂ ਹੀ ਏ ਡੀ ਸੀ ਵਲੋਂ ਕਹਿਆ ਗਿਆ ਸੀ, ਤਾਂ ਕਿ ਇਸ ਨੂੰ ਐਮ ਓ ਈ ਐਫ/ਸੀ ਪੀ ਸੀ ਬੀ ਕਮੇਟੀ ਨੂੰ ਸੋਂਪਿਆ ਜਾ ਸਕੇ ਜਿਹੜੀ ਪ੍ਰੋਜੈਕਟ ਦੀ ਕਲੀਏਰੈਂਸ ਦੇਣ ਲਈ ਗਠਿਤ ਕੀਤੀ ਗਈ ਹੈ ।

ਵਾਤਾਵਰਣ ਇੰਜਨੀਅਰ, ਪੀ ਪੀ ਸੀ ਬੀ, ਨਟੇ ਤੱਦ ਇਕੱਠੇ ਹੋਏ ਲੋਕਾਂ ਨੂੰ ਸਪਸ਼ਟ ਕੀਤਾ ਕਿ ਜਿਹੜੇ ਪ੍ਰਸ਼ਨ ਲੋਕਾਂ ਤੋਂ ਇਕੱਠੇ ਕੀਤੇ ਗਏ ਹਨ ਉਨ੍ਹਾਂ ਨੂੰ ਦਸਤਾਵੇਜੀ ਸ਼ਕਲ ਵਿੱਚ ਉਸੇ ਤਰ੍ਹਾਂ ਦੇ ਦਿੱਤੀ ਹੈ ਅਤੇ ਉਹ ਕਾਰਵਾਇਆਂ ਦਾ ਭਾਗ ਬਣ ਜਾਣਗੇ ਅਤੇ ਪੰਜਾਬ ਪ੍ਰਦੂਸ਼ਨ ਕੰਟ੍ਰੋਲ ਬੋਰਡ ਵਲੋਂ ਮੰਤਰਾਲਾ ਇਨਵਾਰਨਮੈਂਟ ਅਤੇ ਫੋਰੈਸਟ ਨੂੰ ਭੇਜੇ ਜਾਣਗੇ । ਇਸ ਦੀ ਇੱਕ ਕਾਪੀ ਸਥਾਨਿਆ ਪ੍ਰਚਾਇਤਾਂ ਪਾਸ ਵੀ ਰੱਖੀ ਜਾਵੇਗੀ । ਲਿਖਤ ਵਿੱਚ ਪ੍ਰਾਪਤ ਹੋਏ ਦੀ ਇੱਕ ਕਾਪੀ/ਇਤਰਾਜ਼ਾਂ ਦੀ ਕਾਪੀ ਇਕੇ ਬਤੌਰ ਅਨੈਸ਼ਚਰ –ਏ ਨੱਥੀ ਕੀਤੀ ਹੈ ।

ਵਾਤਾਵਰਣ ਇੰਜਨੀਅਰ, ਪੀ ਪੀ ਸੀ ਬੀ ਨੇ ਸ਼੍ਰੀ ਚਰਨਦੇਵ ਸਿੰਘ ਮਾਨ, ਅਡੀਸ਼ਨਲ ਡਿਪਟੀ ਕਮੀਸ਼ਨਰ ਦੀ ਇਜਾਜਤ ਨਾਲ ਇੱਕਠੇ ਹੋਏ ਲੋਕਾਂ ਦਾ ਧੰਨਵਾਦ ਕੀਤਾ ਅਤੇ ਪਬਲਿਕ ਸੁਣਵਾਈ ਦੀ ਸਮਾਪਤੀ ਕੀਤੀ ।

(ਸ਼੍ਰੀ ਚਰਨਦੇਵ ਸਿੰਘ ਮਾਨ) , ਪੀ. ਸੀ. ਐਸ
ਅਡੀਸ਼ਨਲ ਡਿਪਟੀ ਕਮੀਸ਼ਨਰ, ਐਸ ਏ ਐਸ ਨਗਰ

(ਇੰਜਨੀਅਰ ਐਸ. ਐਸ. ਮਠਾੜੂ)
ਈ. ਈ.
ਪ੍ਰਜਾਬ ਪ੍ਰਦੂਸ਼ਨ ਕੰਟ੍ਰੋਲ ਬੋਰਡ, ਰੀਜਨਲ ਆਫਿਸ, ਐਸ ਏ ਐਸ ਨਗਰ